
## ਫੈਕਟ ਸ਼ੀਟ 08

# ਇਮੀਗ੍ਰੇਸ਼ਨ, ਨਿਊਕਮਰ ਸੈਟਲਮੈਂਟਸ ਤੇ ਨਸਲੀ ਗਰੀਬੀ

### ਪਰਵਾਸੀਆਂ ਤੇ ਰਫਿਊਜੀਆਂ ਨਾਲ ਕੀਤਾ ਜਾਂਦਾ ਭੇਦ-ਭਾਵ

**ਡਿਟੈਂਸ਼ਨ (Detention):** ਕੈਨੇਡਾ ਵਿੱਚ ਇਮੀਗ੍ਰੇਸ਼ਨ ਡਿਟੈਂਸ਼ਨ ਦੀ ਵੱਧ ਤੋਂ ਵੱਧ ਸਮਾਂ ਸੀਮਾ ਮੁਕੱਰਰ ਨਹੀਂ ਹੈ। 2017 ਵਿੱਚ, ਓਨਟਾਰੀਓ ਸੁਪੀਰੀਅਰ ਕੋਰਟ ਨੇ ਭਾਰੀ ਸੁੱਰਖਿਆ ਵਾਲੀ ਜੇਲ੍ਹ ਵਿੱਚ 7 ਸਾਲਾਂ ਤੋਂ ਬੰਦ ਇੱਕ ਪੱਛਮੀ ਅਫਰੀਕੀ ਇਮੀਗ੍ਰੇਸ਼ਨ ਨਜ਼ਰਬੰਦ ਨੂੰ ਰਿਹਾ ਕਰਨ ਦੇ ਆਦੇਸ਼ ਦਿੱਤੇ ਸਨ । ਇਸ ਕੈਦ ਦੌਰਾਨ ਉਸ ਕੈਦੀ ਨੇ ਲਗਾਤਾਰ 103 ਦਿਨ ਕਾਲ ਕੋਠੜੀ (solitary confinement) ਵਿੱਚ ਵੀ ਬਿਤਾਏ ਸਨ।

*ਉੱਤਰੀ ਅਮਰੀਕਾ / ਯੂਰਪ ਨੂੰ ਛੱਡ ਬਾਕੀ ਦੇਸ਼ਾਂ ਤੋਂ ਜਿਨਸੀ ਰੁਝਾਨ* ***(sexual orientation)*** *ਜਾਂ ਲਿੰਗ ਪਛਾਣ* ***(gender identity)*** *ਦੇ ਅਧਾਰ ਤੇ ਸ਼ਰਨ ਮੰਗਣ ਵਾਲੇ ਨਸਲੀ ਲੋਕਾਂ ਨੂੰ ਸ਼ਰਨਾਰਥੀ ਪ੍ਰਕਿਰਿਆ ਤੋਂ ਵਾਂਝਾ ਰੱਖਿਆ ਜਾਂਦਾ ਹੈ । LGBTQ2S+ ਸ਼ਰਨਾਰਥੀਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਸੁਣਵਾਈ ਦੌਰਾਨ ਉਹਨਾਂ ਦੇ ਮੁਆਕਿਲ੍ਹਾਂ ਨੂੰ ਪੁੱਛੇ ਜਾਂਦੇ ਭੱਦੀ ਕਿਸਮ ਦੇ ਪ੍ਰਸ਼ਨਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ । ਇਹ ਅਨੁਵਾਦ ਜਾਂ ਟਰਾਂਸਲੇਸ਼ਨ ਸੇਵਾਵਾਂ ਦੀ ਲਗਾਤਾਰ ਘਾਟ ਇਸ ਮੁੱਦੇ ਨੂੰ ਹੋਰ ਵੀ ਗੰਭੀਰ ਬਣਾ ਦਿੰਦੀ ਹੈ।*



**ਸੈਟਲਮੈਂਟ ਸਰਵਿਸਸ (Settlements Services):** ਸ਼ਰਨਾਰਥੀਆਂ, ਪ੍ਰਵਾਸੀ ਮਜ਼ਦੂਰਾਂ ਅਤੇ ਗੈਰ-ਪ੍ਰਮਾਣਿਤਾਂ (undocumented) ਦਾ ਗਰੀਬੀ ਰੇਖਾਂ ਵਿੱਚ ਸ਼ੁਮਾਰ ਬਹੁਤ ਜ਼ਿਆਦਾ ਹੈ। ਭਾਸ਼ਾ ਸਿਖਲਾਈ ਸਮੇਤ ਫੈਡਰਲ ਫੰਡ ਅਧੀਨ ਆਊਂਦੀਆਂ ਸੈਟਲਮੈਂਟ ਸਰਵਿਸਸ ਲਈ ਇਹਨਾਂ ਨੂੰ ਯੋਗ ਨਹੀਂ ਮੰਨਿਆ ਜਾਂਦਾ ਜਦਕਿ ਉਹਨਾਂ ਨੂੰ ਅਜਿਹੇ ਸਮਰਥਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ।

**ਕਨੇਡਾ ਚਾਈਲਡ ਬੈਨੀਫਿਟ (Canada Child Benefit, CCB):** ਅਨਿਸ਼ਚਿਤ ਅਤੇ ਅਚਾਨਕ (precarious) ਇਮੀਗ੍ਰੇਸ਼ਨ ਸਥਿਤੀ ਵਾਲੇ ਮਾਪਿਆਂ ਨੂੰ ਗਰੀਬੀ ਘਟਾਉਣ ਲਈ ਸ਼ੁਰੂ ਕੀਤਾ ਗਿਆ ਕਨੇਡਾ ਚਾਈਲਡ ਬੈਨੀਫਿਟ ਨਹੀਂ ਮਿਲਦਾ । ਇੱਥੋਂ ਤੱਕ ਕਿ ਅਜਿਹੇ ਮਾਪਿਆਂ ਦੇ ਕੈਨੇਡਾ ਵਿੱਚ ਆਉਣ ਤੋਂ ਬਾਅਦ ਜਨਮੇ ਬੱਚਿਆਂ ਨੂੰ ਵੀ ਸੀਸੀਬੀ ਦੇ ਲਾਭ ਤੋਂ ਵਾਂਝੇ ਰੱਖਿਆ ਜਾਂਦਾ ਹੈ।

**ਪਰਿਵਾਰ (Family):** ਇਮੀਗ੍ਰੇਸ਼ਨ ਨਿਯਮ ਬਹੁਤ ਸਾਰੇ ਲੋਕਾਂ ਨੂੰ ਉਹਨਾਂ ਦੇ ਪਰਿਵਾਰ ਨੂੰ ਮਿਲਣ ਤੋਂ ਰੋਕਦੇ ਹਨ। ਸ਼ਰਨਾਰਥੀ ਬੱਚੇ ਮਾਪਿਆਂ ਜਾਂ ਭੈਣਾਂ-ਭਰਾਵਾਂ ਨੂੰ ਸਪਾਂਸਰ ਨਹੀਂ ਕਰ ਸਕਦੇ । ਇਸ ਤੋਂ ਇਲਾਵਾ ਲੀਕੋ (LICO) ਰੇਖਾਂ ਤੋਂ ਹੇਠਾਂ ਰਹਿਣ ਵਾਲੇ ਫੰਡਾਂ ਦੀ ਘਾਟ ਕਰਕੇ ਕਿਸੇ ਨੂੰ ਸਪਾਂਸਰ ਨਹੀਂ ਕਰ ਪਾਉਂਦੇ ।

**ਭਾਸ਼ਾ (Language):** ਟਰਾਂਸਲੇਸ਼ਨ ਸੇਵਾਵਾਂ ਬਹੁਤ ਸੀਮਤ ਹਨ। ਮੁੱਢਲੀਆਂ ਸੇਵਾਵਾਂ ਜਿਵੇਂ ਸਿਹਤ ਅਤੇ ਰਿਹਾਇਸ਼ ਵਿੱਚ ਟਰਾਂਸਲੇਟਰ ਨਹੀਂ ਮਿਲਦੇ। ਇਸ ਲਈ ਗਰੀਬ ਤਬਕੇ ਦੇ ਲੋਕਾਂ ਨੂੰ ਅਕਸਰ ਬੱਚਿਆਂ, ਪਰਿਵਾਰ, ਦੋਸਤਾਂ ਜਾਂ ਜਾਣੂਆਂ 'ਤੇ ਨਿਰਭਰ ਹੋਣਾ ਪੈਂਦਾ ਹੈ। ਇਥੋ ਤੱਕ ਕਿ ਉਨ੍ਹਾਂ ਨੂੰ ਅਤਿ ਸੰਵੇਦਨਸ਼ੀਲ ਜਾਂ ਗੁਪਤ ਜਾਣਕਾਰੀ ਵੀ ਸਾਂਝਾ ਕਰਨ ਦਾ ਰਿਸਕ ਉਠਾਉਣਾ ਪੈਂਦਾ ਹੈ।

- **ਆਰਥਿਕ ਪ੍ਰਵਾਸੀ** (Economic Immigrants) ਕਾਮੇ ਅਤੇ ਉਨ੍ਹਾਂ ਦਾ ਪਰਿਵਾਰ ਉਹ ਲੋਕ ਹਨ ਜਿਨਾਂ ਨੂੰ ਉਨ੍ਹਾਂ ਦੀ ਕੁਸ਼ਲਤਾ ਜਾਂ ਸਿੱਖਿਆ ਦੇ ਕਾਰਨ ਕਨੇਡਾ ਵਿੱਚ ਸਵੀਕਾਰ ਕੀਤਾ ਗਿਆ ਹੈ।
- **ਫੈਮਿਲੀ ਕਲਾਸ** (Family Class) ਇਮੀਗ੍ਰੈਂਟ ਉਹ ਲੋਕ ਹਨ ਜੋ ਕਨੇਡਾ ਵਿੱਚ ਰਹਿੰਦੇ ਕਿਸੇ ਪਰਿਵਾਰਕ ਮੈਂਬਰ ਦੁਆਰਾ ਸਪਾਂਸਰ ਕੀਤੇ ਜਾਂਦੇ ਹਨ ।
- **ਕਨਵੈਨਸ਼ਨ ਰਫਿਊਜੀ** (Convention Refugees) ਉਹ ਲੋਕ ਹਨ ਜਿਹਨਾਂ ਨੂੰ ਕਿਸੇ ਹੋਰ ਦੇਸ਼ ਵਿੱਚ ਖਤਰਾ ਹੋਣ ਜਾਂ ਕਿਸੇ ਅਤਿਆਚਾਰ ਦਾ ਸ਼ਿਕਾਰ ਹੋਣ ਕਰਕੇ ਕਨੇਡਾ ਵਿੱਚ ਸੁਰੱਖਿਆ ਦਿੱਤੀ ਜਾਂਦੀ ਹੈ ।
- **ਸ਼ਰਨਾਰਥੀ** (Refugees) ਉਹ ਲੋਕ ਹਨ ਜੋ ਕਨੇਡਾ ਵਿੱਚ ਹਨ ਅਤੇ ਉਨ੍ਹਾਂ ਨੇ ਆਪਣੀ ਜਾਨ ਨੂੰ ਖਤਰਾ ਦੱਸਦਿਆ ਸੁਰੱਖਿਆ ਲਈ ਦਾਅਵਾ ਕੀਤਾ ਹੈ। ਅੱਧੇ ਤੋਂ ਵੱਧ ਅਜਿਹੇ ਦਾਅਵੇ ਠੁਕਰਾ ਦਿੱਤੇ ਜਾਂਦੇ ਹਨ।
- **"ਨਾਨ-ਸਟੇਟਸ", "ਅਨਡਾਕੂਮੈਂਟਿਡ" ਜਾਂ "ਇਰਰੈਗੂਲਰ" (Non-status, Undocumented or Irregular )** ਉਹਨਾਂ ਵਿਅਕਤੀਆਂ ਦੀ ਸ਼੍ਰੇਣੀ ਨੂੰ ਦਰਸਾਉਂਦਾ ਹੈ ਜੋ ਕਨੇਡਾ ਵਿੱਚ ਰਹਿਣ ਦੇ ਬਾਵਜੂਦ ਜੋ ਕਈ ਕਾਰਨਾਂ ਕਰਕੇ ਲੀਗਲ ਸਟੇਟਸ ਪ੍ਰਾਪਤ ਨਹੀਂ ਕਰ ਸਕਦਾ, ਜਾਂ ਉਸਦੇ ਲੀਗਲ ਸਟੇਟਸ ਦੀ ਮਿਆਦ ਖਤਮ ਹੋ ਗਈ ਹੈ।
- **ਰੈਗੂਲਰਾਈਜ਼ੇਸ਼ਨ** (Regularisation) ਦਾ ਅਰਥ ਹੈ ਕਿ "ਨਾਨ-ਸਟੇਟਸ", "ਅਨਡਾਕੂਮੈਂਟਿਡ" ਜਾਂ "ਇਰਰੈਗੂਲਰ" ਸਟੇਟਸ ਵਾਲੇ ਵਿਅਕਤੀਆਂ ਨੂੰ ਕਨੇਡਾ ਵਿੱਚ ਲੀਗਲ ਸਟੇਟਸ ਲਈ ਅਰਜ਼ੀ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ ।

ਕੈਨੇਡੀਅਨ ਨੌਕਰੀ ਦੇਣ ਦੀ ਪ੍ਰਕਿਰਿਆ (Recruitment Policy) ‘ਤੇ ਚਾਨਣਾ ਪਾਉਂਦੇ, ਸਾਲ 2011 ਦੇ ਰੋਜ਼ਗਾਰ ਆਡਿਟ ਅਨੁਸਾਰ ਵਿਦੇਸ਼ੀ ਸਿੱਖਿਆ ਅਤੇ ਕੈਨੇਡੀਅਨ ਤਜ਼ਰਬਾ ਰੱਖਣ ਦੇ ਬਾਵਜੂਦ ਏਸ਼ੀਅਨ ਨਾਮ ਵਾਲੇ ਬਿਨੈਕਾਰਾਂ ਨੂੰ ਐਂਗਲੋ ਨਾਵਾਂ ਵਾਲਿਆਂ ਦੀ ਤੁਲਨਾ ਵਿੱਚ ਨੌਕਰੀ ਦੀ ਇੰਟਰਵਿਊ ਲਈ ਬੁਲਾਏ ਜਾਣ ਦੇ ਆਸਾਰ 30% ਘੱਟ ਸਨ। ਇਸੇ ਤਰ੍ਹਾਂ ਕੈਨੇਡੀਅਨ ਅਤੇ ਵਿਦੇਸ਼ੀ ਤਜ਼ਰਬੇ ਰੱਖਣ ਵਾਲਿਆਂ ਨੂੰ ਬਾਕੀਆ ਨਾਲੋਂ ਇੰਟਰਵਿਊ ਲਈ ਬੁਲਾਏ ਦੀ ਸੰਭਾਵਨਾ 46% ਘੱਟ ਹੈ ਅਤੇ ਸਿਰਫ ਅੰਤਰਰਾਸ਼ਟਰੀ ਤਜਰਬਾ ਰੱਖਣ ਵਾਲਿਆਂ ਨੂੰ ਇੰਟਰਵਿਊ ਲਈ ਬੁਲਾਵਾ ਭੇਜਣ ਦੇ ਚਾਂਸ 62% ਘੱਟ ਹਨ।

**ਡੇਟਾ (Data):** ਕਨੇਡਾ ਬਾਰਡਰ ਸਰਵਿਸਿਜ਼ ਏਜੰਸੀ (Canada Border Services Agency) ਨਜ਼ਰਬੰਦ ਕੀਤੇ ਲੋਕਾਂ ਦੇ ਅੰਕੜਿਆਂ ਨੂੰ ਜਾਤੀ, ਧਰਮ, ਵਿਸ਼ਵਾਸ, ਅਧਿਆਤਮਿਕਤਾ ਜਾਂ ਮੂਲ ਦੇਸ਼ ਦੇ ਅਧਾਰ ਤੇ ਵੱਖਰੇ ਕਰਕੇ ਪ੍ਰਕਾਸ਼ਤ ਨਹੀਂ ਕਰਦੀ ।

## ਧਿਆਨ ਦੇਣਯੋਗ ਤੱਥ

- ਕਲਰ ਕੋਡ ਵਾਲੇ ਕੈਨੇਡੀਅਨਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਪਿਛੋਕੜ ਯੂਰਪ ਤੋਂ ਨਹੀਂ ਹੈ। ਫਿਰ ਭਾਵੇਂ ਉਹਨਾਂ ਦਾ ਜਨਮ ਕੈਨੇਡਾ ਜਾਂ ਕਿਸੇ ਵੀ ਹੋਰ ਗੈਰ ਯੂਰਪੀਅਨ ਦੇਸ਼ ਵਿੱਚ ਹੋਇਆ ਹੋਵੇ।
- ਇੰਡੀਜੀਨੱਸ ਲੋਕਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਨੂੰ ਫਰਸਟ ਨੇਸ਼ਨਲਜ਼ (First Nationals), ਇਨਯੂਟ (Inuit), ਅਤੇ ਮੈਟਿਸ (Métis) ਸਮਝਿਆ ਜਾਂਦਾ ਹੈ।
- ਟੋਰਾਂਟੋ ਵਿਚ, ਗਰੀਬੀ ਵਿਚ ਰਹਿਣ ਵਾਲੇ ਸਾਰੇ ਵਿਅਕਤੀਆਂ ਦਾ 62% ਜਾਤੀਗਤ ਸਮੂਹਾਂ ਨਾਲ ਸੰਬੰਧ ਰੱਖਦੇ ਹਨ।
- ਕੈਨੇਡਾ ਦੇ 52% ਗਰੀਬ ਜਾਤੀਗਤ ਲੋਕ ਓਨਟਾਰੀਓ ਵਿੱਚ ਰਹਿੰਦੇ ਹਨ ।
- ਉਹ ਪਰਿਵਾਰ ਜੋ ਕਨੇਡਾ ਦੀ ਲੋ ਇਨਕਮ ਕਟ-ਆਫ (LICO) ਜਾਂ ਲੋ ਇਨਕਮ ਮੈਜ਼ਰ (LIM) ਤੋਂ ਹੇਠਾਂ ਆਉਂਦੇ ਹਨ ਉਹ ਕਿਸੇ ਆਮ ਪਰਿਵਾਰ ਦੇ ਮੁਕਾਬਲੇ ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਭੋਜਨ ਅਤੇ ਪਨਾਹ ਵਰਗੀਆਂ ਬੁਨਿਆਦੀ ਜ਼ਰੂਰਤਾਂ 'ਤੇ ਖਰਚ ਕਰਦੇ ਹਨ । ਇਹ ਕਿਸੇ ਖਿੱਤੇ ਦੇ ਲੋਕਾਂ ਵਿੱਚ ਗਰੀਬੀ ਨੂੰ ਮਾਪਣ ਦਾ ਪੈਮਾਨਾ ਹੈ।
- ਸਿਸਟੇਮੈਟਿਕ ਰੇਸਿਜ਼ਮ (Systematic Racism) ਅਕਸਰ ਨੀਤੀਆਂ, ਅਭਿਆਸਾਂ ਅਤੇ ਸਕੀਮਾਂ ਵਿੱਚ ਕੀਤੇ ਗਏ ਪੱਖਪਾਤ ਕਰਕੇ ਹੁੰਦਾ ਹੈ ਜੋ ਕਿਸੇ ਗਰੁੱਪ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸ਼ੁਰੂ ਹੁੰਦਾ ਹੈ।

**ਨਾਬਾਲਗ (Minors):** ਕਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBA) ਦੁਆਰਾ ਮੁਹੱਈਆ ਕਰਵਾਏ ਗਏ ਅੰਕੜਿਆਂ ਅਨੁਸਾਰ, ਸਾਲ 2016/2017 ਵਿਚ 6,251 ਲੋਕਾਂ ਨੂੰ ਇਮੀਗ੍ਰੇਸ਼ਨ ਡਿਟੈਂਸ਼ਨ ਵਿਚ ਰੱਖਿਆ ਗਿਆ ਸੀ, ਜਿਨ੍ਹਾਂ ਵਿਚ 151 ਨਾਬਾਲਗ ਸਨ।

**ਰੁਜ਼ਗਾਰ ਬੀਮਾ (Employement Insurance):** ਪਿਛਲੀ ਕੰਜ਼ਰਵੇਟਿਵ (Conservative) ਸਰਕਾਰ ਨੇ ਸਾਲ 2012 ਵਿਚ ਇਸ ਪ੍ਰੋਗਰਾਮ ਵਿੱਚ ਬਦਲਾਅ ਕਰਕੇ ਵੱਡੇ ਸ਼ਹਿਰੀ ਖੇਤਰਾਂ ਵਿੱਚ ਰਹਿੰਦੇ ਗਰੀਬ ਨਸਲੀ ਲੋਕਾਂ ਅਤੇ ਇਮੀਗ੍ਰੈਂਟਸ ਦੇ ਹੱਕਾਂ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ।



*“ਨਾਨ-ਸਟੇਟਸ” (**Non Status**) ਵਾਲੇ ਲੋਕਾਂ ਦੀ ਗਿਣਤੀ ਵੱਡੇ ਪੱਧਰ 'ਤੇ ਕਾਨੂੰਨੀ ਰੁਤਬੇ ਤੋਂ ਵਾਂਝਾ ਕਰਨ ਵਾਲੇ ਅਣਉਚਿਤ ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਕਾਨੂੰਨਾਂ ਦੇ ਬਣਨ ਕਾਰਨ ਵਧੀ ਹੈ । ਇਸ ਗਿਣਤੀ ਵਿੱਚ ਮੌਜੂਦਾ ਕਾਨੂੰਨ ਬਣਨ ਤੋਂ ਪਹਿਲਾ, ਘੱਟ ਤਨਖਾਹ ਵਾਲੀਆਂ ਨੌਕਰੀਆਂ ‘ਤੇ ਭਰਤੀ ਕੀਤੇ ਪ੍ਰਵਾਸੀ ਕਾਮੇ ਵੀ ਸ਼ਾਮਲ ਹਨ ਜੋ ਹੁਣ ਤੱਕ ਟੈਕਸ ਅਦਾ ਕਰਦੇ ਆਉਣ ਦੇ ਬਾਵਜੂਦ ਵੀ ਕਨੂੰਨੀ ਤੌਰ 'ਤੇ ਕੰਮ ਨਹੀਂ ਕਰ ਸਕਦੇ । ਉਨ੍ਹਾਂ ਨੂੰ ਬਦਸਲੂਕੀ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੇਸ਼ ਨਿਕਾਲੇ ਦੇ ਡਰ ਕਰਕੇ ਉਹ ਪੁਲਿਸ ਨੂੰ ਰਿਪੋਰਟ ਨਹੀਂ ਕਰਦੇ।*

## ਉਪਰਾਲੇ

**ਕੈਨੇਡੀਅਨ ਕੌਂਸਲ ਫਾਰ ਰਫਿਊਜੀਜ਼ (Canadian Council for Refugees, CCR)** ਇੱਕ ਨਾਨ-ਫਾਰ-ਪਰਾਫਿਟ ਸੰਸਥਾ ਹੈ ਜੋ ਕਨੇਡਾ ਅਤੇ ਵਿਸ਼ਵ ਭਰ ਵਿੱਚ ਸ਼ਰਨਾਰਥੀਆਂ ਦੇ ਅਧਿਕਾਰਾਂ, ਸੁਰੱਖਿਆ ਅਤੇ ਸੈਟਲਮੈਂਟ ਲਈ ਕੰਮ ਕਰਦਾ ਹੈ।

**Website**: www.ccrweb.ca **Email**: info@ccrweb.ca

**ਓਨਟਾਰੀਓ ਕਾਉਂਸਿਲ ਆਫ਼ ਏਜੰਸੀਜ਼ ਸਰਵਿੰਗ ਇਮੀਗ੍ਰੈਂਟਸ (Ontario Council of Agencies Serving Immigrants, OCASI)** ਇੱਕ ਅਹਿਜੀ ਸੰਸਥਾ ਹੈ ਜੋ ਉਨਟਾਰੀਓ ਵਿੱਚ ਪ੍ਰਵਾਸੀ ਅਤੇ ਸ਼ਰਨਾਰਥੀ-ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਦੀ ਸਮੂਹਕ ਆਵਾਜ਼ ਬਣਨ ਤੋਂ ਇਲਾਵਾ ਸਮਾਨਤਾ ਦੀ ਗੱਲ ਕਰਨ ਵਾਲੀਆਂ ਇਹਨਾਂ ਏਜੰਸੀਆਂ ਦੀ ਵਕਾਲਤ ਵੀ ਕਰਦੀ ਹੈ।

**Website**: www.ocasi.org **Email**: generalmail@ocasi.org